24°

ਵੋਟਰ ਬਣੋ-ਜ਼ੁੰਮੇਵਾਰ ਬਣੋ    **Be Voter- Be Responsible**

ਦਫ਼ਤਰ ਡਿਪਟੀ ਕਮਿਸ਼ਨਰ-ਕਮ-ਜ਼ਿਲ੍ਹਾ ਚੋਣ ਅਫ਼ਸਰ, ਜਲੰਧਰ
ਕਮਰਾ ਨੰ. 201-204, ਦੂਸਰੀ ਮੰਜ਼ਿਲ, ਜ਼ਿਲ੍ਹਾ ਪ੍ਰਸ਼ਾਸ਼ਕੀ ਕੰਪਲੈਕਸ, ਲਾਡੋਵਾਲੀ ਰੋਡ, ਜਲੰਧਰ
Office of the Deputy Commissioner-cum-District Election Officer, Jalandhar
Room no. 201-204, Second Floor, Distt. Administrative Complex, Ladowali Road, Jalandhar
Phone No. 0181-2244059 Email ID: etjal@punjab.gov.in

ਅਤੀ ਜਰੂਰੀ

ਸੇਵਾ ਵਿਖੇ,

1. ਜਿਲ੍ਹਾ ਸਿੱਖਿਆ ਅਫਸਰ (ਸਕੈਂਡਰੀ),
   ਜਲੰਧਰ।
2. ਸ਼੍ਰੀ ਸੁਰਜੀਤ ਲਾਲ, ਸਹਾਇਕ ਨੋਡਲ ਅਫ਼ਸਰ ਫ਼ਾਰ ਸਵੀਪ,
   ਜਲੰਧਰ।

2023/8671
20/1/2023 ਜੀ-4
20/1/23

ਪੱਤਰ ਨੰ. ਚੋਣ-2023/ 61-62    ਮਿਤੀ : 17-01-2023

ਵਿਸ਼ਾ : ਮਿਤੀ 25 ਜਨਵਰੀ, 2023 ਨੂੰ ਰਾਸ਼ਟਰੀ ਵੋਟਰ ਦਿਵਸ (ਐਨ.ਵੀ.ਡੀ.) ਮਨਾਉਣ ਬਾਰੇ।

ਉਪਰੋਕਤ ਵਿਸ਼ੇ ਤੇ ਆਪ ਜੀ ਨੂੰ ਲਿਖਿਆ ਕਿ ਮਿਤੀ 25 ਜਨਵਰੀ, 2023 ਨੂੰ ਭਾਰਤ ਚੋਣ ਕਮਿਸ਼ਨ, ਨਵੀਂ ਦਿੱਲੀ ਦੀਆ ਹਦਾਇਤਾਂ ਅਨੁਸਾਰ ਰਾਸ਼ਟਰੀ ਵੋਟਰ ਦਿਵਸ (ਐਨ.ਵੀ.ਡੀ.) ਮਨਾਇਆ ਜਾਣਾ ਹੈ। ਇਸ ਸਿਲਸਿਲੇ ਵਿੱਚ ਆਪ ਦੇ ਦਫ਼ਤਰ ਵੱਲੋਂ ਜਿਲ੍ਹਾ ਪੱਧਰ ਤੇ ਸਕੂਲਾਂ ਦੇ ਵਿਦਿਆਰਥੀਆਂ ਦਰਮਿਆਨ ਵੋਟਰ ਜਾਗਰੂਕਤਾ ਅਤੇ ਚੋਣ ਭਾਗੀਦਾਰੀ ਅਤੇ ਹੋਰ ਮਿਲਦੇ ਜੁਲਦੇ ਵਿਸ਼ਿਆਂ ਤੇ ਨਿਬੰਧ ਲੇਖਣ, ਸਲੋਗਨ-ਰਾਈਟਿੰਗ/ ਪੋਸਟਰ ਮੇਕਿੰਗ ਆਦਿ ਦੇ ਮੁਕਾਬਲੇ ਕਰਵਾ ਕੇ ਉਨ੍ਹਾਂ ਵਿਚੋਂ ਜ਼ਿਲ੍ਹਾ ਪੱਧਰ ਤੇ ਪਹਿਲੇ ਤਿੰਨ ਸਥਾਨਾਂ ਤੇ ਰਹਿਣ ਵਾਲੇ ਜੇਤੂ ਵਿਦਿਆਰਥੀਆਂ ਦੀ ਚੋਣ ਕੀਤੀ ਜਾਵੇ ਅਤੇ ਇਨ੍ਹਾਂ ਵਿਦਿਆਰਥੀਆਂ ਦੇ ਨਾਮ ਮਿਤੀ 23-01-2023 ਤੱਕ ਇਸ ਦਫਤਰ ਨੂੰ ਭੇਜੇ ਜਾਣ। ਇਨ੍ਹਾਂ ਜੇਤੂ ਵਿਦਿਆਰਥੀਆਂ ਨੂੰ 25 ਜਨਵਰੀ, 2023 ਨੂੰ ਜ਼ਿਲ੍ਹਾ ਪੱਧਰੀ ਸਮਾਰੋਹ ਵਿੱਚ ਮੁੱਖ ਮਹਿਮਾਨ ਵਲੋਂ ਸਨਮਾਨਿਤ ਕੀਤਾ ਜਾਵੇਗਾ।

ਉਕਤ ਤੋਂ ਇਲਾਵਾ ਆਪ ਜੀ ਨੂੰ ਇਹ ਵੀ ਲਿਖਿਆ ਜਾਂਦਾ ਹੈ ਕਿ ਆਪ ਵਲੋਂ ਜਿਲ੍ਹਾ ਜਲੰਧਰ ਅੰਦਰ ਪੈਂਦੇ ਸਮੂਹ ਸੈਕੰਡਰੀ ਸਕੂਲਾਂ ਦੇ ਸਕੂਲ ਮੁੱਖੀਆਂ ਨੂੰ ਹਦਾਇਤ ਕੀਤੀ ਜਾਵੇ ਕਿ ਮਿਤੀ 25 ਜਨਵਰੀ, 2023 ਨੂੰ ਰਾਸ਼ਟਰੀ ਵੋਟਰ ਦਿਵਸ ਮਨਾਇਆ ਜਾਵੇ ਅਤੇ ਇਸ ਦੀ ਰਿਪੋਰਟ ਸਮੇਤ ਖਿੱਚੀਆਂ ਗਈਆਂ ਫੋਟੋਆਂ (jpg format), ਵਿੱਚ ਇਸ ਦਫ਼ਤਰ ਨੂੰ ਈ.ਮੇਲ (etjal@punjab.gov.in) ਕੀਤੀਆਂ ਜਾਣ।

(ਚੋਣ ਤਹਿਸੀਲਦਾਰ)
ਵਾ: ਜਿਲ੍ਹਾ ਚੋਣ ਅਫ਼ਸਰ,
ਜਲੰਧਰ।

ਦਫਤਰ ਜਿਲ੍ਹਾ ਸਿੱਖਿਆ ਅਫਸਰ, ਜਲੰਧਰ
ਪਿਠ ਅੰਕਣ ਨੰ. ਜੀ-4/2023/1861
ਮਿਤੀ ਜਲੰਧਰ 21/1/23

ਉਪਰੋਕਤ ਦਾ ਉਤਾਰਾ ਸਮੂਹ ਸਸਸਸ, ਸਹਸ, ਸਮਿਸ ਪ੍ਰਿੰਸੀਪਲ, ਹੈਡਮਾਸਟਰ ਇੰਚਾਰਜ ਜਿਲ੍ਹਾ ਜਲੰਧਰ ਨੂੰ ਸੂਚਨਾ ਅਤੇ ਅਗਲੇਰੀ ਲੋੜੀਂਦੀ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ।

20/1/23
ਜ਼ਿਲ੍ਹਾ ਸਿੱਖਿਆ ਅਫਸਰ (ਸੈ.ਸਿ.)
ਜਲੰਧਰ
20/1/23